# ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ) ਨਿਯਮ, 1994

## ਨੁਕਤਾ ਨੰ: 8 - ਸੀਨੀਅਰਤਾ

ਸਰਕਾਰੀ ਸੇਵਾ ਵਿੱਚ ਆਉਣ ਵਾਲੇ ਕਿਸੇ ਵੀ ਵਿਅਕਤੀ ਦੀ ਸੀਨੀਅਰਤਾ, ਕਿਸੇ ਖਾਸ ਕੇਡਰ ਵਿੱਚ ਕਿਸੇ ਅਸਾਮੀ ਤੇ ਲਗਾਤਾਰ ਨਿਯੁਕਤੀ ਦੀ ਮਿਤੀ/ਸੇਵਾ ਸਮਾਂ ਦੇ ਅਨੁਸਾਰ ਨਿਰਧਾਰਤ ਕੀਤੀ ਜਾਂਦੀ ਹੈ।

ਬਸ਼ਰਤੇ ਸਿੱਧੇ ਭਰਤੀ ਰਾਹੀਂ ਨਿਯੁਕਤ ਕੀਤੇ ਗਏ ਉਮੀਦਵਾਰ ਜੋ ਕਿ ਨਿਯੁਕਤੀ ਦੇ ਹੁਕਮਾਂ ਵਿੱਚ ਦਰਸਾਏ ਗਏ ਸਮੇਂ ਦੇ ਅੰਦਰ-ਅੰਦਰ ਜਾਂ ਸਮਰੱਥ ਅਥਾਰਟੀ ਰਾਹੀਂ ਜੋ ਵੀ ਸਮਾਂ ਵਿੱਚ ਵਾਧਾ ਕੀਤਾ ਗਿਆ ਹੋਵੇ (ਜੋ ਕਿ ਵੱਧ ਤੋਂ ਵੱਧ 4 ਮਹੀਨੇ ਤੱਕ ਵਧਾਇਆ ਜਾ ਸਕਦਾ ਹੈ) ਤਾਂ ਸੀਨੀਅਰਤਾ ਕਮਿਸ਼ਨ ਜਾਂ ਬੋਰਡ ਦੁਆਰਾ ਤੈਅ ਕੀਤੀ ਗਈ ਮੈਰਿਟ ਦੇ ਕ੍ਰਮ ਅਨੁਸਾਰ ਨਿਰਧਾਰਤ ਕੀਤੀ ਜਾਵੇਗੀ ਤੇ ਇਸ ਨੂੰ ਬਦਲਿਆ ਨਹੀਂ ਜਾਵੇਗਾ।

ਇਸ ਤੋਂ ਇਲਾਵਾ ਜੇ ਕੋਈ ਉਮੀਦਵਾਰ ਕਮਿਸ਼ਨ, ਬੋਰਡ ਜਾਂ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ 4 ਮਹੀਨੇ ਦੇ ਸਮੇਂ ਤੋਂ ਬਾਅਦ ਜੁਆਇੰਨ ਕਰਦਾ ਹੈ ਤਾਂ ਉਸਨੂੰ ਸੀਨੀਅਰਤਾ ਉਸ ਅਸਾਮੀ ਤੇ ਹਾਜਰੀ ਦੀ ਮਿਤੀ ਤੋਂ ਦਿੱਤੀ ਜਾਵੇਗੀ।

ਉਪਰੋਕਤ ਤੋਂ ਇਲਾਵਾ ਜੇ ਕੋਈ ਉਮੀਦਵਾਰ ਅਗਲੀ ਸੂਚੀ ਵਿਚੋਂ ਉਸ ਕੇਡਰ ਵਿੱਚ ਉਸ ਅਸਾਮੀ 'ਤੇ ਉਸ ਉਮੀਦਵਾਰ (ਜੋ ਪਹਿਲੀ ਸੂਚੀ ਤੋਂ ਹੈ) ਤੋਂ ਪਹਿਲਾਂ ਹਾਜਰੀ ਰਿਪੋਰਟ ਦਾਖਲ ਕਰ ਦਿੰਦਾ ਹੈ ਜੋ ਕਿ 4 ਮਹੀਨੇ ਦਾ ਸਮਾਂ ਲੰਘਣ ਤੋਂ ਬਾਅਦ ਬੋਰਡ, ਕਮਿਸ਼ਨ ਜਾਂ ਸਮਰੱਥ ਅਥਾਰਟੀ ਦੁਆਰਾ ਪ੍ਰਵਾਨਗੀ ਉਪਰੰਤ ਹਾਜਰੀ ਰਿਪੋਰਟ ਦਾਖਲ ਕਰਦਾ ਹੈ ਤਾਂ ਬਾਅਦ ਵਾਲੇ ਉਮੀਦਵਾਰ (ਲੇਟ ਉਮੀਦਵਾਰ) ਨੂੰ ਸੀਨੀਅਰਤਾ ਵਿੱਚ ਅਗਲੀ ਸੂਚੀ ਦੇ ਉਹਨਾਂ ਸਾਰੇ ਉਮੀਦਵਾਰਾਂ ਤੋਂ ਹੇਠਾਂ ਰੱਖਿਆ ਜਾਵੇਗਾ ਜੋ ਕਿ ਨਿਯੁਕਤੀ ਦੇ ਹੁਕਮਾਂ ਵਿੱਚ ਦਰਸਾਈ/ਨਿਰਧਾਰਤ ਸਮਾਂ ਸੀਮਾਂ ਦੇ ਅੰਦਰ-ਅੰਦਰ ਜੁਆਇੰਨ ਕਰ ਜਾਣਗੇ।

ਉਪਰੋਕਤ ਸਭ ਤੋਂ ਇਲਾਵਾ ਜੇਕਰ 2 ਜਾਂ ਵੱਧ ਉਮੀਦਵਾਰ ਇੱਕ ਹੀ ਮਿਤੀ ਨੂੰ ਨਿਯੁਕਤ ਕੀਤੇ ਜਾਣ ਤਾਂ ਉਹਨਾਂ ਦੀ ਸੀਨੀਅਰਤਾ ਹੇਠ ਲਿਖੇ ਨੁਕਤਿਆਂ ਅਨੁਸਾਰ ਤੈਅ ਕੀਤੀ ਜਾਵੇਗੀ:-

1) ਸਿੱਧੀ ਭਰਤੀ ਰਾਹੀਂ ਨਿਯੁਕਤ ਹੋਣ ਵਾਲਾ ਉਮੀਦਵਾਰ ਕਿਸੇ ਵੀ ਹੋਰ ਤਰੀਕੇ ਰਾਹੀਂ ਨਿਯੁਕਤ ਹੋਣ ਵਾਲੇ ਉਮੀਦਵਾਰ ਤੋਂ ਸੀਨੀਅਰ ਮੰਨਿਆ ਜਾਵੇਗਾ।
2) ਵਿਭਾਗੀ ਤਰੱਕੀ ਰਾਹੀਂ ਨਿਯੁਕਤ ਹੋਇਆ ਕਰਮਚਾਰੀ ਟਰਾਂਸਫਰ ਵਿਧੀ ਰਾਹੀਂ ਨਿਯੁਕਤ ਹੋਏ ਕਰਮਚਾਰੀ ਤੋਂ ਸੀਨੀਅਰ ਮੰਨਿਆ ਜਾਵੇਗਾ।
3) ਪ੍ਰਮੋਸ਼ਨ ਜਾਂ ਟਰਾਂਸਫਰ ਦੀ ਵਿਧੀ ਰਾਹੀਂ ਨਿਯੁਕਤ ਹੋਣ ਵਾਲੇ ਕਰਮਚਾਰੀਆਂ ਦੀ ਸੀਨੀਅਰਤਾ ਦਾ ਮਾਪਦੰਡ ਉਹਨਾਂ ਦੀਆਂ ਉਹ ਨਿਯੁਕਤੀਆਂ ਤੇ ਅਧਾਰਿਤ ਹੋਵੇਗਾ ਜਿਸ ਜਗ੍ਹਾਂ ਤੋਂ ਉਹ ਪ੍ਰਮੋਟ ਜਾਂ ਟਰਾਂਸਫਰ ਹੋਕੇ ਆਏ ਹਨ।
4) ਜੇਕਰ ਕੋਈ ਕਰਮਚਾਰੀ ਵੱਖ-ਵੱਖ ਕੇਡਰਾਂ ਵਿੱਚੋਂ ਟਰਾਂਸਫਰ ਦੀ ਵਿਧੀ ਰਾਹੀਂ ਨਿਯੁਕਤ ਕੀਤੇ ਗਏ ਹਨ ਤਾਂ ਉਹਨਾਂ ਦੀ ਸੀਨੀਅਰਤਾ ਤਨਖਾਹ ਤੇ ਅਧਾਰਿਤ ਹੋਵੇਗੀ, ਜੋ ਕਰਮਚਾਰੀ ਪਿਛਲੇ ਕੇਡਰ/ਅਸਾਮੀ ਤੇ ਵੱਧ ਤਨਖਾਹ ਲੈ ਰਿਹਾ ਹੋਵੇਗਾ ਉਸਨੂੰ ਸੀਨੀਅਰ ਮੰਨਿਆ ਜਾਵੇਗਾ। ਜੇਕਰ ਤਨਖਾਹ ਵੀ ਬਰਾਬਰ ਹੋਵੇ ਤਾਂ ਉਹਨਾਂ ਦੀ ਸੀਨੀਅਰਤਾ ਉਹਨਾਂ ਦੀ ਪਹਿਲਾਂ ਵਾਲੀ ਨਿਯੁਕਤੀ ਵਿੱਚ ਕੀਤੀ ਗਈ ਸੇਵਾ ਦੇ ਸਮੇਂ ਤੇ ਅਧਾਰਿਤ ਹੋਵੇਗੀ, ਜਿਸਦਾ ਸੇਵਾ ਸਮਾਂ ਵੱਧ ਹੋਵੇਗਾ ਉਸਨੂੰ ਸੀਨੀਅਰ ਮੰਨਿਆ ਜਾਵੇਗਾ। ਜੇਕਰ ਸੇਵਾਂ ਸਮਾਂ ਵੀ ਬਰਾਬਰ ਹੋਵੇ ਤਾਂ ਉਹਨਾਂ ਵਿਚੋਂ ਵੱਧ ਉਮਰ ਵਾਲੇ ਨੂੰ ਸੀਨੀਅਰ ਮੰਨਿਆ ਜਾਵੇਗਾ।

ਨੋਟ: ਆਰਜੀ ਜਾਂ ਠੇਕੇ ਤੇ ਭਰਤੀ ਕੀਤੇ ਗਏ ਉਮੀਦਵਾਰਾਂ ਦੀ ਸੀਨੀਅਰਤਾ ਉਹਨਾਂ ਦੇ ਰੈਗੂਲਰ ਹੋਣ ਦੀ ਮਿਤੀ ਦੇ ਅਨੁਸਾਰ ਤੈਅ ਕੀਤੀ ਜਾਵੇਗੀ।

Team SMS Punjab

**Disclaimer:** The information provided above has been translated from PCS (General & Common Conditions of Service) Rules, 1994 & it is true to best of our knowledge. You may check at your end before compliance.